# ਕ੍ਰਿਪਾਣ ਦਾ ਅਮ੍ਰਤ ਮਾਈਆਂ ਨੂੰ [੧]

ਸੁਾਮੀ ਸਰਨਿ ਪਰਿਓ ਦਰਬਾਰੇ ॥ ਕੋਟਿ ਅਪਰਾਧ ਖੰਡਨ ਕੇ ਦਾਤੇ ਤੁਝ ਬਿਨੁ ਕਉਨੁ ਉਧਾਰੇ ॥ [੨]

ਸ਼ੰਕਾਵਾਦੀ ਸਜਨੋ, ਤਖ਼ਤ ਹਜ਼ੂਰ ਸਾਹਿਬ ਤੇ ਮਾਈਆਂ ਨੂੰ ਕ੍ਰਿਪਾਨ ਦਾ ਅਮ੍ਰਿਤ ਕਿਉਂ ਛਕਾਯਾ ਜਾਂਦਾ ਹੈ ? ਖੰਡੇ ਦਾ ਅਮ੍ਰਤ ਕਿਉਂ ਨਹੀਂ ਛਕਾਯਾ ਜਾਂਦਾ, ਜਬ ਸਾਰਾ ਖ਼ਾਲਸਾ ਪੰਥ ਮਾਈਆਂ ਨੂੰ ਖੰਡੇ ਦਾ ਅਮ੍ਰਤ ਛਕਾਉਂਦੇ ਹੈ ? ਇਥੇ ਕਿਉਂ ਕਿਰਪਾਣ ਦਾ ਛਕਾਯਾ ਜਾਂਦਾ ਹੈ ? ਆਉ, ਭਾਈ ਸ਼ੰਕਾਵਾਦੀ ਸਜਨੋ, ਇਸ ਪ੍ਰਤੀ ਆਪਾਂ ਵੀਚਾਰ ਕਰੀਏ ਵ ਖੋਜ ਕਰੀਏ । ਇਸ ਬਾਰੇ ਅਸਾਂ ਕੁਛ ਭੀ ਅਪਨੇ ਵਲੋਂ ਕੁਛ ਭੀ ਨਹੀਂ ਕਹਿਨਾ, ਕਿਉਂਕਿ ਮਾਈਆਂ ਦੀ ਸ਼ਾਨ ਵਿਚ ਕੁਛ ਲਫ਼ਜ਼ ਵਧ-ਘਟ ਨਾ ਵਰਤੇ ਜਾਏ । ਜੋ ਕੁਛ ਅਸਾਂ ਨੇ ਖ਼ਾਲਸਾ ਧਰਮ ਸ਼ਾਸ਼ਤ੍ਰ ਗ੍ਰੰਥ ਤੋਂ ਪੜੀਆ ਹੈ, ਉਸ ਦੀ ਹੂਬਹੂ ਨਕਲ ਲਿਖ ਰਹੇ ਹਾਂ । ਪੰਨਾ ੧੪੩, ਤੀਜਾ ਭਾਗ : -

## ਚੌਥਾ ਅਮ੍ਰਿਤ ਕ੍ਰਿਪਾਣ ਦਾ ਹੈ

## ਕ੍ਰਿਪਾਨ ਦੇ ਅਮ੍ਰਿਤ ਬਾਰੇ ਵਿਚਾਰ

ਏਹ ਕਿਰਪਾਨਿ ਦਾ ਅਮ੍ਰਿਤ, ਖੰਡੇ ਪਾਹੁਲੀਆਂ ਪੁਰਖਿਆਂ ਦੀ ਸਪਤਨੀਆਂ, ਇਸਤ੍ਰੀਆਂ ਲਈ ਹੈ । ਇਸਤਰੀਆਂ ਨੂੰ ਇਸ ਕਿਰਪਾਨ ਦੀ ਪਾਹੁਲ ਦਾ ਨਿਯਮ ਪੁਰਾਤਨ ਸਮੇਂ ਤੋਂ ਹੀ ਤਖ਼ਤਾਂ, ਗੁਰਦਵਾਰਿਆਂ ਪ੍ਰਤਥਾ ਪੰਥ ਦੇ ਜਥੇਦਾਰਾਂ ਵਿਚ ਮੰਨੀ ਪ੍ਰਵਾਨ ਹੋਈ ਰੀਤ ਚਲੀ ਆਉਂਦੀ ਹੈ । ਪ੍ਰਿਥਮ ਮੇਂ ਤਾਂ ਇਸਤ੍ਰੀਆਂ ਦਾ ਅਧਿਕਾਰ ਚਰਨ-ਪਾਹੁਲ ਦਾ ਹੈ, ਜਿਸ ਕਰ ਭਾਉ, ਭਗਤੀ, ਨਿਮ੍ਰਤਾ ਵਿਚ ਸੰਪਨ ਹੋਣ, ਪ੍ਰ ਇਸ ਤੋਂ ਵਧ ਏਹ ਹੈ ਕਿ ਕਈ ਖੰਡੇ ਪਾਹੁਲੀਆਂ ਸਿੰਘ ਪਿਆਰਿਆਂ ਦਾ ਇਹੋ ਨੇਮ ਹੁੰਦਾ ਹੈ ਕਿ ਬੇ-ਅਮ੍ਰਤੀਏ ਦੇ ਹਥ ਦਾ ਨਹੀਂ ਛਕਦੇ ਤਥਾ ਹੋਰ ਨਜ਼ੀਕੀ ਬਿਹਾਰ ਨਹੀਂ ਕਰਦੇ ਤਥਾ ਛਤਰਾਨੀਆਂ ਵਾਲੇ ਖ਼ਿਆਲ, ਜੋ ਸਿੰਘਨੀਆਂ ਦੇ ਚਾਹੀਦੇ ਹਨ, ਬਿਨਾਂ ਐਸ ਅਮ੍ਰਤ ਦੀ ਪਾਹੁਲ ਦੇ ਇਸਤ੍ਰੀਆਂ ਨੂੰ ਉਤਪਨ ਨਹੀਂ ਹੋਂਦੇ, ਜੋ ਛਤ੍ਰੀ ਬ੍ਰਿਤ ਵਾਲਿਆਂ ਪਤੀਆਂ ਦੀ ਸਹਾਇਤਾ ਕਰ ਸਕਨ ਤਥਾ ਅਪਨੀ ਸੰਤਾਨ ਨੂੰ ਸੂਰਬੀਰਤਾ ਦੇ ਉਤਸ਼ਾਹ ਵਾਲੀ ਸਿਖਯਾ ਦੇ ਸਕਨ । ਤਾਤਪ੍ਰਯ ਏਹ ਹੈ ਕਿ ਜਿਨਾਂ ਲੋੜਾਂ, ਜੁਗਤੀਆਂ ਅਤੇ ਪ੍ਰਮਾਨਾਂ ਦੁਵਾਰਾ ਇਸਤ੍ਰੀਆਂ ਨੂੰ ਪੁਰਸ਼ਾਂ ਤੁਲ ਪਾਹੁਲਧਾਰੀ ਹੋਨ ਦੀ ਲੋੜ ਦਿਸੇ, ਉਸ ਲੋੜ ਨੂੰ ਪੂਰਾ ਕਰਨ ਲਈ ਇਸਤ੍ਰੀਆਂ ਨੂੰ ਐਸੀ ਪਾਹੁਲ ਦੇਨ ਦੀ

---

[੧] ਸਿੰਘ ਸਾਹਿਬ ਜੀ ਦੇ ਇਸ ਲੇਖ ਦੇ ਆਲੋਚਨਾਤਮਿਕ ਅਧਿਐਨ ਲਈ ਦੇਖੋ ਇਸੇ ਸੈਕਸ਼ਨ ਵਿੱਚਲਾ ਲੇਖ 'ਕਿਰਪਾਨ ਦਾ ਅੰਮ੍ਰਿਤ' ।

[੨] ਟੋਡੀ ਮਹਲਾ ੫, ਪੰਨਾ ੭੧੪, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

ਮ੍ਰਿਜਾਦਾ ਹੈ । ਪ੍ਰ ਏਹ ਪੁਰਸ਼ਾਂ ਵਾਲੇ ਖੰਡੇ ਦੇ ਅਮ੍ਰਿਤ ਦੀ ਪਾਹੁਲ ਨਹੀਂ ਹੈ । ਇਸਤ੍ਰੀਆਂ ਲਈ ਪੁਰਸ਼ਾਂ ਦੇ ਅਮ੍ਰਿਤ ਤੋਂ ਭਿੰਨ ਅਮ੍ਰਿਤ ਦੀ ਰੀਤੀ ਪੰਥ ਵਿਚ ਪ੍ਰਵਾਨ ਕੀਤੀ ਹੋਈ ਚਲੀ ਆਉਂਦੀ ਹੈ । ਜੈਸੇ ਕਰਤਾਰ ਦੀ ਕੁਦਰਤ ਵਲੋਂ ਪੁਰਖਿਆਂ ਅਤੇ ਇਸਤ੍ਰੀਆਂ ਦੀ ਬਨਾਵਟ ਦਾ ਭੇਦ ਹੈ, ਤਥਾ ਹੀ ਪੁਰਸ਼ਾਂ ਅਤੇ ਇਸਤ੍ਰੀਆਂ ਦੇ ਬਸਤ੍ਰਾਂ ਅਤੇ ਭੂਖਨਾਂ ਦਾ ਭੇਦ ਹੈ । ਜੈਸੇ ਕਾਰ ਵਿਹਾਰ ਤਥਾ ਸੰਤਾਨ ਉਤਪਤੀ ਤੋਂ ਆਦਿ ਲੇ ਕਰ ਗ੍ਰਿਹ ਕੁਟੰਬ ਦੇ ਕਾਰਜਾਂ ਵਿਚ ਪੁਰਖਿਆਂ ਅਤੇ ਇਸਤ੍ਰੀਆਂ ਦੀ ਵਿਲਖਣਤਾ ਹੈ, ਐਸੇ ਹੀ ਪੁਰਸ਼ਾਂ ਤੇ ਇਸਤ੍ਰੀਆਂ ਲਈ ਅਮ੍ਰਿਤ ਦੀ ਭੀ ਭਿੰਨਤਾ ਤੇ ਵਿਲਖਣਤਾ ਹੈ । ਪੁਰਸ਼ਾਂ ਲਈ ਖੰਡੇ ਦਾ ਅਮ੍ਰਿਤ ਅਤੇ ਇਸਤ੍ਰੀਆਂ ਲਈ ਕਿਰਪਾਣ ਦਾ ਅਮ੍ਰਿਤ ਹੈ । ਏਹ ਕਾਰਣ ਹੈ ਕਿ ਸਿੰਘ ਸੀਸ ਦੇ ਵਿਚ ਖੰਡੇ ਤੇ ਕਿਰਪਾਣ ਦੀ ਜੋਰੀ ਦੀ ਧਾਰਨਾ ਰਖਦੇ ਹਨ । ਜੈਸੇ ਪੁਰਸ਼ ਇਸਤ੍ਰੀ ਦੀ ਜੋੜੀ ਜੁੜੀ ਹੈ, ਐਸੇ ਹੀ ਖੰਡੇ ਕ੍ਰਿਪਾਣ ਦੀ ਭੀ ਜੋੜੀ ਹੈ । ਭਾਵੇਂ ਪੁਰਖਿਆਂ ਅਤੇ ਇਸਤ੍ਰੀਆਂ ਦੀ ਜਾਤੀਆਂ ਅਤੇ ਗੁਣਾਂ ਕਰਮਾਂ ਸੁਭਾਵਾਂ ਵਿਚ ਵਿਲਖਣਤਾ ਦੇ ਤੁਲ ਅੰਮ੍ਰਿਤ ਵਿਚ ਭੀ ਭੇਦ ਹੈ, ਪ੍ਰ ਅੰਮ੍ਰਿਤਧਾਰੀ ਹੋਨ ਵਿਚ ਭੇਦ ਵਾਕ ਨਹੀਂ ਹੈ । ਪੁਰਸ਼ਾਂ ਦੇ ਅੰਮ੍ਰਿਤ ਕਰ ਪੁਰਸ਼ ਅੰਮ੍ਰਿਤਧਾਰੀ ਅਤੇ ਇਸਤ੍ਰੀਆਂ ਦੇ ਅੰਮ੍ਰਿਤ ਕਰ ਇਸਤ੍ਰੀਆਂ ਅੰਮ੍ਰਿਤਧਾਰੀ ਹੁੰਦੀਆਂ ਹਨ । ਜੈਸੇ ਪੁਰਖਿਆਂ ਅਤੇ ਇਸਤ੍ਰੀਆਂ ਦੇ ਬਸਤ੍ਰ ਭੂਖਣਾਂ ਦੀ ਵਿਲਖਣਤਾ ਹੋਨੇ ਪ੍ਰ ਭੀ ਅਪਨੇ ਅਪਨੇ ਭੂਖਨ ਬਸਤ੍ਰਧਾਰੀ ਤੁਲ ਹੁੰਦੇ ਹਨ, ਅ੍ਰਥਾਤ ਪੁਰਸ਼ਾਂ ਇਸਤ੍ਰੀਆਂ ਦੋਹਾਂ ਨੂੰ ਬਸਤ੍ਰ ਭੂਖਣ ਧਾਰਨ ਲਈ ਕਹੋ, ਤਾਂ ਦੋਵੇਂ ਅਪਨੇ ਅਪਨੇ ਪ੍ਰਕਾਰ ਦੇ ਬਸਤ੍ਰ ਭੂਖਣ ਧਾਰਨ ਕਰਨਗੇ । ਐਸੇ ਪੁਰਖਿਆਂ ਅਤੇ ਇਸਤ੍ਰੀਆਂ ਦੋਹਾਂ ਨੂੰ ਅਮ੍ਰਿਤ ਛਕਾਉਨਾ ਹੋਵੇ, ਤਾਂ ਪੁਰਖਿਆਂ ਨੂੰ ਪੁਰਖਾਂ ਵਾਲਾ ਖੰਡੇ ਦਾ ਅਤੇ ਇਸਤ੍ਰੀਆਂ ਨੂੰ ਕਿਰਪਾਨ ਦਾ ਹੀ ਛਕਾਉਨ ਦੀ ਰੀਤੀ ਹੈ । ਪ੍ਰ ਅਮ੍ਰਿਤ ਛਕ ਕਰ ਪੁਰਖ ਅਤੇ ਇਸਤ੍ਰੀਆਂ ਦੋਵੇਂ ਹੀ ਇਕਸਾਰ ਅੰਮ੍ਰਿਤਧਾਰੀ ਹੁੰਦੇ ਹਨ ।

ਸਲੋਕੁ ॥ ਕਰਉ ਬੰਦਨਾ ਅਨਿਕ ਵਾਰ ਸਰਨਿ ਪਰਉ ਹਰਿ ਰਾਇ ॥
ਭ੍ਰਮੁ ਕਟੀਐ ਨਾਨਕ ਸਾਧਸੰਗਿ ਦੁਤੀਆ ਭਾਉ ਮਿਟਾਇ ॥ ੨ ॥ [੩]

ਖੰਡੇ ਪਾਹੁਲ ਇਸਤ੍ਰੀਆਂ ਨੂੰ ਦੇਨ ਦੀ ਨਵੀਨ ਕਲਪਨਾ ਕਰਨੀ ਕੇਵਲ ਯੁਕਤੀ ਦੇ ਪ੍ਰਮਾਨ ਕਰਹੀ ਤਥਾ ਪੰਥ ਦੀ ਪ੍ਰਪਾਟੀ ਦੇ ਵਿਰੁਧ ਹੋਨੇ ਤੇ ਹੀ ਪਾਪ ਨਹੀਂ ਹੈ, ਸਗੋਂ ਸ੍ਰੀ ਗੁਰੂ ਜੀ ਵਲੋਂ ਖ਼ਾਸ ਮਨਾਹੀ ਹੈ, ਅ੍ਰਥਾਤ ਜੋ ਇਸਤ੍ਰੀਆਂ ਨੂੰ ਖੰਡੇ ਪਾਹੁਲ ਦੇਵੇ, ਭਾਈ ਚੌਪਾ ਸਿੰਘ ਜੀ ਦੇ ਰਹਿਤਨਾਮੇ ਵਿਚ ਤਨਖਾਹੀਆ ਲਿਖਾ ਹੈ । ਦੇਖੋ ਇਸ ਪੁਸਤਕ ਦੇ ਚੌਥੇ ਭਾਗ ਦਾ ਅੰਕ ਨੰ : ੪੦੯ । ਇਤਨੀ ਡਾਢੀ ਸਖ਼ਤ ਮਨਾਹੀ ਹੋਨ ਕਰ ਜੋ ਕਿ ਇਸਤ੍ਰੀਆਂ ਨੂੰ ਖੰਡੇ ਦੇ ਅਮ੍ਰਿਤ ਦੀ ਪਾਹੁਲ ਹੋਨ ਪ੍ਰ ਹਠ ਕਰੇ, ਜੋ ਕੇਵਲ ਮਨਮਤ ਦਾ ਨਿਰਾਰਥਕ ਅਤੇ ਮ੍ਰਿਜਾਦਾ ਭੰਗ ਕਰਕੇ ਫਸਾਦ ਪਾਉਨ ਦਾ ਖੋਟਾ ਹਠ ਹੈ । ਉਸ ਨੂੰ ਚਾਹੀਦਾ ਹੈ ਕਿ ਕਰਤਾਰ ਸਿਰਜਨਹਾਰ ਅਗੇ ਬੇਨਤੀ ਕਰ ਕੇ ਉਸ ਇਸਤ੍ਰੀ ਨੂੰ ਪੁਰਸ਼ ਬਨਾਏ ਦੇਵੇ, ਜੋ ਖੰਡੇ ਦੇ ਅੰਮ੍ਰਿਤ ਦਾ ਅਧਿਕਾਰ ਪ੍ਰਾਪਤ ਕਰੇ । ਜੇ ਕਰ ਖੰਡੇ ਦੀ ਪਾਹੁਲ ਲੈ ਕਰ ਮੁੜ ਓਹ ਇਸਤ੍ਰੀ ਦੀ ਇਸਤ੍ਰੀ ਹੀ ਰਹੇ, ਪਤੀ ਦੀ ਪਤਨੀ ਕਹਿਲਾਇ, ਪੁਰਸ਼ ਨਾਲ ਸੰਸਰਗ ਕਰਕੇ ਗ੍ਰਭ ਧਾਰਨ ਕਰੇ, ਪ੍ਰਸੂਤ ਹੋਵੇ, ਇਸਤ੍ਰੀਆਂ ਦਾ ਬਾਣਾ ਰਖੇ, ਸ਼ਿੰਗਾਰ ਕਰੇ, ਇਸਤ੍ਰੀਆਂ ਦੇ ਗੁਣ ਕਰਮ ਸੁਭਾਉ ਹੋਨ ਇਤਆਦਿਕ ਧਾਰਨ ਰਖੇ, ਤਾਂ ਉਸ ਨੂੰ ਖੰਡੇ ਦੇ ਅੰਮ੍ਰਿਤ ਨੂੰ ਦੇਖਵਾਉਨ ਤੋਂ ਬਿਨ੍ਹਾਂ ਹੋਰ ਕੀ ਕੀਤਾ ?

[੩] ਥਿਤੀ ਗਉੜੀ ਮਹਲਾ ੫, ਪੰਨਾ ੨੯੬, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

ਸਿਧਾਂਤਸਾਰ ਏਹ ਕਿ ਗੁਰਮਤ ਵਿਚ ਜੋ ਪੰਜ ਪ੍ਰਕਾਰ ਦਾ ਅੰਮ੍ਰਤ ਹੈ, ਉਨ੍ਹਾਂ ਵਿਚੋਂ ਚਾਰ ਪ੍ਰਕਾਰ ਦੇ ਅਮ੍ਰਤ ਇਸਤ੍ਰੀਆਂ ਨੂੰ ਪ੍ਰਵਾਨ ਹਨ । ਨਿਸੰਗ ਹੋਕਰ ਛਕਾਵਨੇ ਵਾਲੇ ਛਕਾਉਣ ਅਤੇ ਛਕਨ ਵਾਲੀਆਂ ਛਕਨ, ਪ੍ਰ ਕੇਵਲ ਇਕ ਖੰਡੇ ਦੇ ਅਮ੍ਰਤ ਦਾ ਹੀ ਅਧਿਕਾਰ ਨਹੀਂ ਹੈ । ਜੋ ਕੇਵਲ ਮਰਦਾਂ ਦੇ ਹਿਸੇ ਦਾ ਹੀ ਪਦਾਰਥ ਹੈ । ਤਾਂ ਤੇ, ਜੋ ਕੋਈ ਇਸਤ੍ਰੀਆਂ ਨੂੰ ਪੁਰਸ਼ਾਂ ਦੇ ਨਾਲ ਸਾਰੇ ਅਧਿਕਾਰ ਬ੍ਰਾਬ੍ਰ ਦੇਨ ਦਾ ਹਠ ਕਰੇ, ਓਹ ਸ੍ਰੀ ਗੁਰੂ ਕਲਗੀਧਰ ਦਸ਼ਮੇਸ਼ ਪਾਤਸ਼ਾਹ ਜੀ ਮਹਾਰਾਜ ਦੇ ਉਸ ਪ੍ਰਸੰਗ ਨੂੰ ਯਾਦ ਕਰੇ, ਜਿਸ ਵਿਚ ਮਹਾਰਾਜ ਜੀ ਨੇ ਪੁਛਿਆ ਸੀ ਕਿ ਕੋਈ ਐਸੀ ਮਾਈ ਹੈ, ਜਿਸ ਨੇ ਮਰਦ ਦਾ ਮੂੰਹ ਨਾ ਫਿਟਕਾਰਿਆ ਹੋਵੇ, ਤਾਂ ਇਕ ਮਾਈ ਮੇ ਇਕਰਾਰ ਕਰ ਕੇ ਅਪਨੇ ਘਰ ਦਾ ਪ੍ਰਸੰਗ ਸੁਨਾਇਆ ਸੀ, ਜਿਸ ਤੋਂ ਤ੍ਰੀਮਤ ਦੇ ਮੁਕਾਬਲੇ ਪ੍ਰ ਮਰਦ ਦੀ ਕਦਰ ਪੈਹਿਚਾਨ ਦਾ ਸਿਟਾ ਨਿਕਲਿਆ ਸੀ । ਹੋਰ ਏਹ ਭੀ ਸਮਝੇ ਕਿ ਜੋ ਖੰਡੇ ਦਾ ਅਮ੍ਰਤ ਛਕੇ, ਉਸ ਨੂੰ ਅਗੇ ਅਮ੍ਰਤ ਸਜਾਉਨ ਅਤੇ ਛਕਾਉਨ ਦਾ ਅਧਿਕਾਰ ਹੁੰਦਾ ਹੈ । ਜੋ ਕਦੀ ਏਹ ਅਧਿਕਾਰ ਇਸਤ੍ਰੀ ਨੂੰ ਨਹੀਂ ਦਿਤਾ ਗਇਯਾ ਕਿ ਪੁਰਖਿਆਂ ਨੂੰ ਇਸਤ੍ਰੀ ਅੰਮ੍ਰਤ ਛਕਾਏ ਅਥਵਾ ਪੰਜਾਂ ਪਿਆਰਿਆਂ ਵਿਚ ਸ਼ਾਮਿਲ ਕੀਤੀ ਜਾਏ । ਸਿਖ ਧਰਮ, ਖ਼ਾਲਸਾ ਪੰਥ ਵਿਚ ਇਸਤ੍ਰੀਆਂ ਨੂੰ ਪੁਰਸ਼ਾਂ ਦੇ ਹੋਰ ਸਭਨਾਂ ਗਲਾਂ ਵਿਚ ਅਧਿਕਾਰ ਬ੍ਰਾਬ੍ਰ ਹੈ, ਕੇਵਲ ਖੰਡੇ ਪਾਹੁਲ ਵਿਚ ਇਸਤ੍ਰੀਆਂ ਨੂੰ ਪੁਰਸ਼ਾਂ ਨਾਲੋਂ ਅਧਾ ਅਧਿਕਾਰ ਹੈ । ਨਹੀਂ ਤਾਂ, ਅੰਗ੍ਰੇਜ਼ਾਂ ਦੀਆਂ ਵਲਾਇਤਾਂ ਵਿਚ ਜਿਥੇ ਇਸਤ੍ਰੀ ਨੂੰ ਪੁਰਸ਼ਾਂ ਦਾ ਸਜਾ ਅੰਗ ਮੰਨਿਆ ਹੈ, ਅਨੇਕ ਬਾਤਾਂ ਵਿਚ ਮਰਦ ਦੇ ਬ੍ਰੋਬ੍ਰੀ ਦਾ ਅਧਿਕਾਰ ਨਹੀਂ ।

ਸਰਨਿ ਪਰੇ ਕੀ ਰਾਖੁ ਦਇਆਲਾ ॥ ਨਾਨਕ ਤੁਮਰੇ ਬਾਲ ਗੁਪਾਲਾ ॥ [੪]

ਸ਼ੰਕਾਵਾਦੀ ਸਜਨੋ, ਤਖ਼ਤ ਸਾਹਿਬ ਤੇ ਮਾਈਆਂ ਨੂੰ ਕਿਰਪਾਨ ਦੇ ਅਮ੍ਰਤ ਦੀ ਮ੍ਰਿਜਾਦਾ ਰਖੀ ਗਈ ਹੈ । ਏਹ ਸਾਰੇ ਪੰਥ ਵਿਚ ਪਰਚਲਤ ਸੀ, ਪ੍ਰ ਸਮੇਂ ਦੇ ਪ੍ਰਭਾਉ ਕਰ ਹਟਦੀ ਹਟਦੀ ਸ੍ਰੀ ਤਖ਼ਤ ਹਜ਼ੂਰ ਸਾਹਿਬ ਔਰ ਕਈ ਖ਼ਾਸ ਗੁਰ ਅਸਥਾਨਾਂ ਪ੍ਰ ਰਹਿ ਗਈ ਹੈ । ਅਗ੍ਰ ਏਹ ਪਹਿਲੇ ਮ੍ਰਿਜਾਦਾ ਪ੍ਰਚਲਤ ਨਾ ਹੁੰਦੀ, ਤਾਂ ਖ਼ਾਲਸਾ ਧਰਮ ਸ਼ਾਸ਼ਤ੍ਰ ਦੇ ਕਰਤਾ ਨੇ ਸਫ਼ਾ ੧੪੫ ਤੇ ਇਸਤ੍ਰੀਆਂ ਨੂੰ ਪਾਹੁਲ ਦੇਨ ਦੀ ਵਿਧੀ ਵਿਚ ਕਿਰਪਾਨ ਦਾ ਜ਼ਿਕਰ ਨਾ ਕਰਦੇ । ਏਹ ਹੂਬਹੂ ਨਕਲ ਹੈ : -

ਇਸਤ੍ਰੀਆਂ ਨੂੰ ਪਾਹੁਲ ਦੇਨ ਦੀ ਬਿਧੀ

ਕਿਸੀ ਇਸਤ੍ਰੀ ਨੂੰ ਇਸਤ੍ਰੀਆਂ ਲਈ ਭੀ ਅੰਮ੍ਰਤ ਸਜਾਉਨ ਤਥਾ ਪਾਹੁਲ ਦੇਨ ਦਾ ਅਧਿਕਾਰ ਨਹੀਂ ਹੈ ਔਰ ਨਾ ਹੋ ਸਕਦਾ ਹੈ । ਜੇਕਰ ਕਿਸੀ ਮਾਈ ਦੇ ਦੁਵਾਰੇ ਤੋਂ ਮਾਈਆਂ ਨੂੰ ਪਾਹੁਲ ਲੈਨੀ ਹੋਵੈ, ਤਦ ਭੀ ਪੁਰਖ ਸਿੰਘ ਹੀ ਅਮ੍ਰਤ ਸਜਾਇ ਕਰ ਪਾਹੁਲ ਦੇਵੇਗਾ । ਅੰਮ੍ਰਤ ਦੀ ਪਾਹੁਲ ਲੈਨ ਵਾਲੀ ਸੰਗਤ ਵਿਚ ਮੇਵੜ ਦੇ ਰਾਹੀਂ ਅਰਜ਼ ਕਰੇਗੀ, ਤਾਂ ਮਨਜ਼ੂਰ ਹੋਨੇ ਪ੍ਰ ਅੰਮ੍ਰਤ ਸਜਾਉਨ ਦਾ ਹੁਕਮ ਹੋਵੇਗਾ । ਤਿਆਰ ਪ੍ਰ ਤਿਆਰ ਸਿੰਘ ਸਰਬਲੋਹ ਦਾ ਬਾਟਾ ਲੈ ਸੁਚੇਤ ਹੋ ਸੁਚਾ ਜਲ ਪਾਏ, ਮਿਸ਼ਟਾਨ ਪਾਏਗਾ, ਕਿਰਪਾਨ ਦੇ ਨਾਲ ਅਮ੍ਰਤ ਸਜਾਏਗਾ । ਜਪੁ

[੪] ਗਉੜੀ ਬਾਵਨ ਅਖਰੀ ਮਹਲਾ ੫, ਪੰਨਾ ੨੬੦, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

ਸਾਹਿਬ ਅਤੇ ਆਦਿ ਅੰਤ ਜਾਪੁ ਸਾਹਿਬ ਦੇ ਅਤੇ ਅਨੰਦ ਸਾਹਿਬ ਦੇ ਛੇ ਪਉੜੀਆਂ ਦਾ ਪਾਠ ਕਰ ਕੇ ਅੰਮ੍ਰਤ ਸਜੇਗਾ । ਪਾਠ ਸਮਾਪਤ ਕਰਕੇ ਅ੍ਰਦਾਸਾ ਸੋਧੇਗਾ । ਆਗਿਯਾ ਪਾਇ ਕਰ ਪਾਹੁਲ ਦੇਨ ਵਾਲਾ ਆਦਿ ਪਉੜੀ ਦਾ ਮੰਤ੍ਰ ਪੜ੍ਹ ਕਰਕੇ ਕਰਾਏਗਾ । ਪੰਜ ਚੁਲੇ ਹੱਥ ਪ੍ਰ ਦੇਕਰ ਕਹੇਗਾ, 'ਬੋਲੋ ਸ੍ਰੀ ਵਾਹਿਗੁਰੂ ਜੀ' । ਓਹ ਚੁਲੇ ਛਕ ਕੇ ਸ੍ਰੀ ਵਾਹਿਗੁਰੂ ਬੋਲਦੀ ਜਾਏਗੀ । ਪੰਜ ਚੁਲੇ ਕਪੜੇ ਦੇ ਉਪ੍ਰ ਤੋਂ ਹੀ ਕੇਸੀ ਚੜਾਇਗਾ । ਉਸੀ ਪ੍ਰਕਾਰ ਸ੍ਰੀ ਵਾਹਿਗੁਰੂ ਜੀ ਦਾ ਬੋਲੀਆ ਬੋਲਾਏਗਾ । ਉਪ੍ਰੰਤ ਬਾਟਾ ਛਕਨ ਵਾਲੀ ਦੇ ਹਥ ਦੇਵੇਗਾ ਤੇ ਕਹੇਗਾ ਪੰਜ ਵੇਰ ਸ੍ਰੀ ਵਾਹਿਗੁਰੂ ਜੀ ਬੋਲ ਕਰ ਨੇਤ੍ਰੀਂ ਲਾਏ ਅਤੇ ਵਧਦਾ ਅੰਮ੍ਰਤ ਛਕ ਲੈ । ਜੇ ਛਕਨ ਵਾਲੀਆਂ ਬਹੁਤੀਆਂ ਹੋਣ, ਤਾਂ ਇਕ ਸਿਰ ਚੁਲੇ ਛਕਾਉਂਦਾ ਦੂਜੇ ਸਿਰੇ ਪਹੁੰਚੇ । ਦੂਜੇ ਗੇੜ ਸਿਰ ਤੋਂ ਕੇਸੀਂ ਚੜਾਉਂਦਾ ਅਤੇ ਨੇਤ੍ਰੀਂ ਲਿਆਂਵਦਾ ਆਵੈ । ਤੀਜੇ ਗੇੜ ਦੁਵਲੀ ਬਾਟੇ ਤੋਂ ਘੁਟੀ-ਘੁਟੀ ਪਿਲਾਉਨ ਦਾ ਨੇਮ ਪੂਰਾ ਕਰਨਾ । ਫਿਰ ਦਸ ਆਨੇ ਪਿਚਲੀ ਤਨਖਾਹ, ਦਸ ਆਨੇ ਗੁਰੂ ਜੀ ਕੀ ਗੋਲਕ (੨੧) ਰੁਪਯਾ ਦਾ ਕੜਾਹ ਪ੍ਰਸਾਦਿ ਦੇਵੇਗੀ । ਮਾਈ ਦੇ ਜਾਮੇ ਨੂੰ ਪੁਰਸ਼ਾਂ ਤੋਂ ਤਨਖਾਹ ਆਧੀ ਲੈਨ ਦੀ ਮ੍ਰਿਜਾਦਾ ਹੈ । ਫਿਰ ਰਹਿਤ ਦਸ ਕੇ ਅ੍ਰਦਾਸਾ ਸੋਧਨਾ ਤੇ ਕੜਾਹ ਪ੍ਰਸਾਦਿ ਤ੍ਰੇ ਤ੍ਰੀ ਬਾਟੇ ਵਿਚ ਪਾਏ ਦੇਨਾ । ਸਾਰੇ ਭੈਣਾਂ ਰਲ ਮਿਲ ਕੇ ਗਫੇ ਲਾਉਣ ।

ੴ

ਸ੍ਰੀ ਅਸਿਪਾਨ ਕ੍ਰਿਪਾ ਤੁਮਰੀ ਕਰਿ ਮੈ ਨ ਕਹ੍ਯੋ ਸਭ ਤੋਹਿ ਬਖਾਨ੍ਯੋ ॥ [੫]

ਸ਼ੰਕਾਵਾਦੀ ਸਜਨ : - ਏਕ ਵੇਰਾਂ ਸਚਖੰਡ ਸੰਦੇਸ਼ ਪ੍ਰਚੇ ਦੇ ਲੇਖ ਖੰਡੇ ਦੇ ਅੰਮ੍ਰਤ ਛਕਾਉਣ ਬਾਰੇ ਆਇਆ ਸੀ । ਜਿਸ ਦੇ ਉਤੇ ਕੁਛ ਵੀਚਾਰ ਸੰਗ੍ਰਹਿ ਕੀਤੇ ਗਏ ਸਨ । ਜੋ ਇਥੇ ਸੰਗਤ ਦੀ ਗਿਆਤ ਲਈ ਦਰਜ ਕੀਤੇ ਜਾਂਦੇ ਹਨ । ਨਕਲ : - ਸਚਖੰਡ ਸੰਦੇਸ਼ ਦਾ ਲੇਖ । ਮਾਈਆਂ ਨੂੰ ਖੰਡੇ ਦਾ ਅੰਮ੍ਰਿਤ ਛਕਾਓ । ਸ੍ਰੀ ਤਖ਼ਤ ਸਚਖੰਡ ਹਜ਼ੂਰ ਸਾਹਿਬ ਦੇ ਮੀਤ ਜਥੇਦਾਰ ਤ੍ਰਫ਼ੋਂ ਇਕ ਲੇਖ ਮਾਈਆਂ ਨੂੰ ਖੰਡੇ ਦਾ ਅੰਮ੍ਰਤ ਛਕਾਲ ਬਾਰੇ ਸਚਖੰਡ ਸੰਦੇਸ, ਤਾਰੀਖ਼ ੧੯੬੭, ਜਿਸ ਦੇ ਉਤੇ ਜ਼ੋਰ ਦਿਤਾ ਗਿਆਂ ਸੀ । ਸ਼ੀਘ੍ਰ ਹੀ ਪੰਜ ਪਿਆਰੇ ਦੀ ਮੀਟਿੰਗ ਬੁਲਾ ਕੇ ਲਿਆ ਜਾਏ । ਉਸ ਮੇਂ ਟਾਲਮਟੋਲ ਨਹੀਂ ਕਰਨਾ ਚਾਹੀਏ । ਏਹ ਪੜ੍ਹ ਕਰ ਵੀਚਾਰ ਹੂਈ ਕਿ ਪਹਿਲੇ ਇਸ ਪ੍ਰ ਏਕਾਂਤ ਮੇਂ ਵੀਚਾਰ ਕੀ ਜਾਏ ।

ਜਬਾਬ : - ਸ੍ਰੀਮਾਨ ਜੀਓ, ਹਮ ਭੀ ਚਾਹਤੇਂ ਹੈ ਕਿ ਮਾਈਯੋਂ ਕੋ ਖੰਡੇ ਕਾ ਅੰਮ੍ਰਤ ਛਕਾ ਕਰ ਸਿੰਘਾਂ ਦੇ ਬ੍ਰਾਬ੍ਰ ਦਾ ਪੂਰਾ ਪੂਰਾ ਹਕ ਦੀਆ ਜਾਏ । ਉਨ ਕੋ ਸਿੰਘਾਂ ਦੇ ਬ੍ਰਾਬ੍ਰ ਕਾ ਹਕ ਨਾ ਦੀਆ ਗਯਾ, ਤਖ਼ਤ ਸਾਹਿਬ ਪ੍ਰ ਬ੍ਰਬ੍ਰ ਕਾ ਹਕ ਨਾ ਦੀਏ, ਤੋ ਖੰਡੇ ਕਾ ਅੰਮ੍ਰਤ ਮਾਈਯੋਂ ਕੋ ਛਕਾਨੇ ਕਾ ਉਸ ਕਾ ਕਿਆ ਫ਼ਾਇਦਾ ਹੂਵਾ ?

ਬ੍ਰਾਬ੍ਰ ਕੇ ਹਕ ਬਾਰੇ ਵੀਚਾਰ

[੫] ਰਾਮਾਵਤਾਰ, ਪੰਨਾ ੨੫੪, ਸ੍ਰੀ ਦਸਮ ਗ੍ਰੰਥ ਸਾਹਿਬ ਜੀ ।

੧). ਸ੍ਰੀਮਾਨ ਜੀਓ, ਖੰਡੇ ਦਾ ਅੰਮ੍ਰਤ ਛਕੇ ਵਾਲੀ ਮਾਈ ਕੋ, ਜਹਾਂ ਆਪ ਖੜੇ ਹੋਤੇ ਹੋ, ਚੌਰ ਕਰਤੇ ਹੋ, ਦਰਵਾਜ਼ੇ ਕੇ ਸਾਮਨੇ, ਵਹਾਂ ਪ੍ਰ ਮਾਈ ਕੋ ਮਥਾ ਟੇਕਨੇ ਕੀ ਇਜਾਜ਼ਤ ਦੇਇੰਗੇ ?

੨). ਅਗ੍ਰ ਪੰਥ ਏਹ ਪ੍ਰਵਾਨ ਕਰੇਗਾ ਕਿਯਾ, ਸ੍ਰੀ ਤਖ਼ਤ ਸਾਹਿਬ ਕੇ ਜੰਗਲੇ ਕੇ ਅੰਦਰ ਖੰਡੇ ਕਾ ਅੰਮ੍ਰਤ ਛਕੇ ਵਾਲੀ ਮਾਈ ਸ੍ਰੀ ਗੁਰੂ ਗ੍ਰਿੰਥ ਸਾਹਿਬ ਮਹਾਰਾਜ ਜੀ ਦਾ ਮੁਖਵਾਕ ਅੰਦ੍ਰ ਆਏ ਗ੍ਰਿੰਥ ਸਾਹਿਬ ਜੀ ਜਗ੍ਹਾ ਇਨ ਕੋ ਲੈਨ ਦੇਨਗੇ ਕਿਆ ?

੩). ਸ੍ਰੀਮਾਨ ਜੀ, ਪੰਜ ਪਿਆਰੋਂ ਕਾ ਕੜਾਹ ਪ੍ਰਸਾਦਿ ਕਾ ਵਰਤਾਰਾ ਖੰਡੇ ਕਾ ਅੰਮ੍ਰਤਧਾਰੀ ਮਾਈ ਲੇ ਸਕਤੀ ਹੈ ਕਿਯਾ ?

੪). ਸ੍ਰੀਮਾਨ ਜੀਓ, ਹਮ ਤੋ ਬ੍ਰਾਬ੍ਰ ਕਾ ਹਕ ਤਦ ਸਮਝੇਂਗੇ, ਜਦ ਆਪ ਅਪਨੀ ਜਗ੍ਹਾ ਤੇ ਖੰਡੇ ਕਾ ਅਮ੍ਰਤ ਛਕੇ ਵਾਲੀ ਮਾਈ ਤਿਆਰ ਪ੍ਰ ਤਿਆਰ ਰਹਿਤ ਬਹਿਤ ਮੇਂ, ਨਿਤਨੇਮ ਮੇਂ ਪੂਰੀ ਹੈ, ਉਸ ਕੋ ਅੰਮ੍ਰਤ ਕੇ ਟੈਮ ਅਪਨੀ ਜਗ੍ਹਾ ਪ੍ਰ ਯਾ ਪੰਜ ਪਿਆਰੋਂ ਮੇਂ ਸ਼ਾਮਿਲ ਕਰੋ, ਤੋ ਬ੍ਰਾਬ੍ਰ ਕਾ ਹਕ ਦੇਨੇ ਕੋ ਪੰਥ ਇਜਾਜ਼ਤ ਦੇ, ਤੋ ਸ਼ਾਮਿਲ ਕਰ ਲੋ ਔਰ ਉਸ ਕੋ ਪੰਥ ਪ੍ਰਵਾਨ ਕਰ ਲੇ, ਤੋ ਸਮਝਾਂਗੇ ਕਿ ਮਾਈਯੋਂ ਕੋ ਬ੍ਰਾਬ੍ਰ ਕਾ ਪੂਰਾ ਹਕ ਮਿਲ ਸਕਤਾ ਹੈ ।

੫). ਸ੍ਰੀਮਾਨ ਜੀਓ, ਤਖ਼ਤ ਸ੍ਰੀ ਹਜ਼ੂਰ ਸਾਹਿਬ ਕੀ ਮ੍ਰਿਜਾਦਾ ਕੇ ਤਹਿਤ ਭੋਗ ਕੇ ਲੰਗਰ ਮੇਂ ਮਾਈਯੋਂ ਕੋ ਜਾਨੇ ਕਾ ਆਡਰ ਨਹੀਂ ਹੈ । ਅਗ੍ਰ ਮਾਈ ਖੰਡੇ ਕਾ ਅੰਮ੍ਰਤ ਛਕਾਨੇ ਬਾਦ ਮਾਨ ਸਿੰਘ ਲਾਂਗ੍ਰੀ ਕੇ ਸਾਥ ਕੜਾਹ ਪ੍ਰਸਾਦਿ ਬਨਾਨਾ, ਪੂਰੀਆਂ ਆਦਿਕ ਬੇਲਨਾ, ਤਿਆਰ ਕਰਨੇ ਕੀ ਉਨ ਕੋ ਇਜਾਜ਼ਤ ਹੋਏਗੀ ਕਿ ਨਹੀਂ ? ਅਗ੍ਰ ਕਹੋ ਕਿ ਹੋਏਗੀ, ਤੋ ਬ੍ਰਾਬ੍ਰ ਕਾ ਹਕ ਪ੍ਰਾਪਤ ਹੂਵਾ । ਅਗ੍ਰ ਕੜਾਹ ਪ੍ਰਸਾਦਿ ਕੇ ਭੋਗ ਕੇ ਲੰਗਰ ਮੇਂ ਮਾਈਯੋਂ ਕੋ ਨਹੀਂ ਇਜਾਜ਼ਤ ਹੈ ਔਰ ਨਹੀਂ ਜਾ ਸਕਤੀ ਹੈਂ, ਤੋ ਆਪਨੇ ਮਾਈਯੋਂ ਕੋ ਖੰਡੇ ਕਾ ਅੰਮ੍ਰਤ ਛਕਾ ਕਰ ਮਾਈਯੋਂ ਕੋ ਬ੍ਰਾਬ੍ਰ ਕਾ ਹਕ ਕਿਆ ਦੀਆ ?

੬). ਗੁਰੂ ਸਾਹਿਬ ਜੀ ਕੇ ਬਾਉਲੀ ਸਾਹਿਬ ਮੇਂ ਸੇ ਮਹਾਰਾਜ ਕੇ ਭੋਗ ਕੇ ਲੰਗ੍ਰ ਮੇਂ ਖੰਡੇ ਕਾ ਅੰਮ੍ਰਿਤ ਛਕੇ ਵਾਲੀ ਮਾਈ ਜਲ ਕੀ ਸੇਵਾ ਕਰ ਸਕਤੀ ਹੈ ਕਿਯਾ ? ਹਜ਼ੂਰੀ ਮ੍ਰਿਯਾਦਾ ਕੇ ਤਹਿਤ ਨਹੀਂ ਕਰ ਸਕਤੀ, ਤੋ ਬ੍ਰਾਬ੍ਰ ਕਾ ਹਕ ਕੈਸੇ ਹੂਵਾ ਹੈ ?

੭). ਹਜ਼ੂਰੀ ਮ੍ਰਿਜਾਦਾ ਕੇ ਤਹਿਤ ਗਾਗ੍ਰ ਕੀ ਸੇਵਾ ਖੰਡੇ ਕਾ ਅਮ੍ਰਤ ਛਕੇ ਵਾਲੀ ਮਾਈ ਕਰ ਸਕਤੀ ਹੈ ? ਅਗ੍ਰ ਨਹੀਂ ਕਰ ਸਕਤੀ, ਤੋ ਫੇਰ ਖੰਡੇ ਕਾ ਅੰਮ੍ਰਤ ਛਕਾ ਕਰ ਕਿਆ ਫ਼ਾਇਦਾ ਹੂਵਾ ? ਉਸ ਕੋ ਬ੍ਰਾਬ੍ਰ ਕਾ ਹਕ ਕਿਆ ਦੀਆ ?

੮). ਸ੍ਰੀਮਾਨ ਜੀਓ, ਆਪ ਹੀ ਅਪਨੇ ਸਚੇ ਦਿਲ ਸੇ ਬੋਲੋ, ਖੰਡੇ ਕਾ ਅੰਮ੍ਰਿਤ ਛਕਨੇ ਵਾਲੀ ਮਾਈ ਪੂਰੀ ਮ੍ਰਿਜਾਦਾ ਮੇਂ ਰਹਿਨੇ ਵਾਲੀ ਕੋ ਤਖ਼ਤ ਸਾਹਿਬ ਪ੍ਰ ਅਪਨੀ ਜਗ੍ਹਾ ਪ੍ਰ ਚੌਰ ਕਰਨੇ ਦੇਨਗੇ ? ਅਗ੍ਰ ਹਜ਼ੂਰੀ ਮ੍ਰਿਜਾਦਾ ਕਿ ਤਹਿਤ ਨਹੀਂ ਤੋ ਫੇਰ ਆਪਨੇ ਖੰਡੇ ਕਾ ਅਮ੍ਰਤ ਛਕਾ ਕੇ ਪੂਰਾ ਬ੍ਰਾਬ੍ਰ ਕਾ ਹਕ ਕਿਯਾ ਦੀਆ ਹੈ ?

੯). ਸ੍ਰੀਮਾਨ ਜੀਓ, ਜਹਾਂ ਸੇ ਸੂਰਜ ਨਿਕਲਤਾ ਔਰ ਛੁਪਤਾ ਹੈ (ਉਦੇ, ਅਸਤ) ਤਕ, ਪੂਰੇ ਪੰਥ ਨੇ ਖ਼ਾਲਸਾ ਪੰਥ ਨੇ ਮਾਈਆਂ ਪੰਜ ਪਿਆਰੇ ਬਨ ਕਰ ਅੰਮ੍ਰਿਤ ਕਰਨੇ, ਅੰਮ੍ਰਿਤ ਅਭਿਲਾਖੀਯੋਂ ਕੋ ਛਕਾਯਾ ਅਭੀ ਤਕ ਸੁਨਨੇ ਮੇਂ, ਪ੍ਰਚੋਂ ਮੇਂ ਭੀ ਲੇਖ ਨਹੀਂ ਆਯਾ ਹੈ । ਅਗ੍ਰ ਖੰਡੇ ਕਾ ਅੰਮ੍ਰਿਤ ਛਕ ਕੇ ਮਾਈਯੋਂ ਕੋ ਅਮ੍ਰਿਤ ਤਿਆਰ ਕਰਨੇ ਕਾ ਔਰ ਛਕਾਨੇ ਦਾ ਅਭੀ ਤਕ ਪੰਥ ਨੇ ਹਕ ਨਹੀਂ ਦੀਯਾ ਹੈ, ਤੋ ਕੈਸੇ ਮਾਨਾ ਜਾਏ ਕਿ ਬ੍ਰਾਬ੍ਰ ਕਾ ਹਕ ਮਾਈਯੋਂ ਕੋ ਖੰਡੇ ਕਾ ਅਮ੍ਰਿਤ ਛਕਾਏ ਦੀਯਾ ਹੈ ?

੧੦). ਸ੍ਰੀਮਾਨ ਜੀਓ, ਔਰ ਤੋ ਕਿਆ, ਜਹਾਂ ਭੀ ਗੁਰਪੁਰਬੋਂ ਪ੍ਰ ਯਾ ਧਾਰਮਕ ਤਿਉਹਾਰੋਂ ਪ੍ਰ ਜਲੂਸ ਨਿਕਲਤੇ ਤੇ ਉਸ ਸਮੇਂ ਪ੍ਰ ਸ੍ਰੀ ਗੁਰੂ ਗ੍ਰਿੰਥ ਸਾਹਿਬ ਜੀ ਸਵਾਰੀ ਕੇ ਸਾਮਨੇ ਨੰਗੀਆਂ ਤਲਵਾਰਾਂ ਲੈ ਕੇ ਚਲਤੇ ਅਭੀ ਤਕ ਏਹ ਪੰਜ ਪਿਆਰੋਂ ਔਰ ਏਕ ਮਾਈ ਜੋ ਤਿਆਰ ਪ੍ਰ ਤਿਆਰ ਖੰਡੇ ਕਾ ਅਮ੍ਰਤ ਛਕੇ ਵਾਲੀ ਮਾਈ ਕੋ ਸ਼ਾਮਿਲ ਨਹੀਂ ਕੀਯਾ ਹੈ । ਤੋ ਕੈਸਾ ਮਾਨਾ ਜਾਏ ਕਿ ਖੰਡੇ ਕਾ ਅਮ੍ਰਤ ਛਕੇ ਬਾਦ ਮਾਈਆਂ ਕੋ ਬ੍ਰਾਬ੍ਰ ਕਾ ਹਕ ਪ੍ਰਾਪਤ ਹੂਵਾ ਹੈ ?

੧੧). ਸ੍ਰੀਮਾਨ ਜੀਓ, ਬੋਲਾ ਸੌਖਾ ਹੈ, ਕਰਨਾ ਔਖਾ ਹੈ । ਸ੍ਰੀਮਾਨ ਜੀ, ਦਸ਼ਮੇਸ਼ ਪਿਤਾ ਜੀ ਨੇ ਅਮ੍ਰਤ ਤਿਆਰ ਕਰਨੇ ਵਕਤ ਜਿਤਨਾ ਅਖ਼ਤਿਆਰ ਸ੍ਰੀ ਮਾਤਾ ਜੀਤੋ ਜੀ ਕੋ ਦੀਯਾ ਥਾ, ਅਭੀ ਤਕ ਪੰਥ ਨੇ ਅਮ੍ਰਿਤ ਮੇਂ ਓਹ ਹਕ ਭੀ ਮਾਈਯੋਂ ਕੋ ਨਹੀਂ ਦੀਏ । ਅਗ੍ਰ ਦੇਤੇ, ਤੋ ਅਮ੍ਰਿਤ ਮੇਂ ਪਤਾਸੇ ਮਾਈ ਡਾਲਤੀ ਥੀ ਵ ਪਾਉਂਦੀ ਸੀ । ਸ੍ਰੀਮਾਨ ਜੀ, ਏਹ ਸਭ ਕਹਿਨ ਕੇ ਬਾਤਾਂ ਹੈਂ, ਮਾਈਯੋਂ ਕੋ ਬ੍ਰਾਬ੍ਰ ਕਾ ਹਕ ਦੇਉ । ਸਾਰੇ ਖ਼ਾਲਸਾ ਪੰਥ ਮੇਂ ਮਾਈਯੋਂ ਕੋ ਤਿਆਰ ਪ੍ਰ ਤਿਆਰ ਪੰਜ ਪਿਆਰੇ ਬਨ ਕੇ ਅਮ੍ਰਿਤ ਛਕਾਨੇ ਕਾ ਹਕ ਨਹੀਂ ਦੀਯਾ ਗਯਾ ਹੈ । ਹੋਰ ਤੋ ਕਿਆ, ਪੰਜ ਪਿਆਰੋਂ ਕਾ ਕੜਾਹ ਪ੍ਰਸਾਦਿ ਲੇਨੇ ਕਾ ਅਭੀ ਤਕ ਹਕ ਨਹੀਂ ਦੀਯਾ ਹੈ ।

੧੨). ਸ੍ਰੀਮਾਨ ਜੀਓ, ਤਖ਼ਤ ਸ੍ਰੀ ਹਜ਼ੂਰ ਸਾਹਿਬ ਕੋ ਛੋੜਕਰ ਜਹਾਂ ਪ੍ਰ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਕਾ ਇੰਤਜ਼ਾਮ ਹੈ, ਵਹਾਂ ਪ੍ਰ ਭੀ ਪੰਜ ਪਿਆਰੋਂ ਮੇਂ ਭੀ ਜਥੇਦਾਰੀ ਕੀ ਪਦਵੀ ਕਿਸੀ ਤਿਆਰ ਪ੍ਰ ਤਿਆਰ ਮਾਈ ਕੋ ਖੰਡੇ ਕਾ ਅਮ੍ਰਤ ਛਕੀ ਵਾਲੀ ਕੋ ਨਹੀਂ ਦੀ ਗਈ ਹੈ । ਤੋ, ਕੈਸਾ ਮਾਨਾ ਜਾਏ ਕਿ ਹਮ ਹਜ਼ੂਰ ਸਾਹਿਬ ਪ੍ਰ ਮਾਈਯੋਂ ਕੋ ਹਕ ਬ੍ਰਾਬ੍ਰ ਨਹੀਂ ਦੇਤੇ ।

੧੩). ਸ੍ਰੀਮਾਨ ਜੀਓ, ਖੰਡੇ ਕਾ ਅਮ੍ਰਿਤ ਛਕਾ ਕਰ ਮਾਈਯੋਂ ਕੋ ਸਿੰਘ ਨਾਮ ਯਾ ਸਿੰਘਨੀ ਨਾਮ ਕਿਉਂ ਨਹੀਂ ਰਖਤੇ ਹੋ ? ਕੌਰ ਨਾਮ ਕਿਉਂ ਰਖਤੇ ਹੈਂ ? ਕੌਰ ਕਿਸ ਕੋ ਕਹਿਤੇ ਹੈਂ ? ਜੋ ਰਾਜੇ ਮਹਾਰਾਜੋਂ ਕੇ ਰਾਜਕੁਮਾਰ ਹੋਤੇ ਹੈਂ, ਉਨ ਮੇਂ ਸੇ ਜੋ ਬੜਾ ਹੋਤਾ ਹੈ, ਉਸ ਕੋ ਟੀਕਾ ਸਾਹਿਬ ਕਹਿਤੇ ਹੈਂ, ਕਿਉਂਕਿ ਉਹ ਰਾਜ ਤਖ਼ਤ ਦਾ ਵਾਰਿਸ ਹੈ । ਯਾ ਮਾਲਕ ਹੋਨੇ ਵਾਲਾ ਹੈ । ਟੀਕੇ ਕਾ ਮਤਲਬ ਅਗੇ ਜਾ ਕਰ ਇਸ ਕੇ ਮਥੇ ਪ੍ਰ ਰਾਜ ਟੀਕਾ ਲਗੇਗਾ । ਕੌਰ ਛੋਟੇ ਬੇਟੋਂ ਕੋ ਕਹਿਤੇ ਹੈਂ । ਕੌਰ ਕਾ ਮਤਲਬ ਕਿਉਂਕਿ ਓਹ ਰਾਜੇ ਮਹਾਰਾਜੇ ਕੇ ਜਾਇਦਾਦ ਕਾ ਹਕਦਾਰ ਹੈ, ਰਾਜ ਤਖ਼ਤ, ਰਾਜ ਪ੍ਰਬੰਧ ਕੋ ਚਲਾਨੇ ਕਾ ਹਕਦਾਰ ਨਹੀਂ ਹੈ । ਉਸ ਕਾ ਮਥਾ ਰਾਜ ਤਿਕਲ ਸੇ ਕੋਰਾ ਰਹਿਤਾ ਹੈ, ਇਸ ਲੀਏ ਉਸ ਕੋ ਕੌਰ ਕਿਹਾ ਜਾਤਾ ਹੈ । ਖੰਡੇ ਕਾ ਅਮ੍ਰਿਤ ਮਾਈਯੋਂ ਕੋ ਛਕਾ ਕੇ ਫੇਰ ਕੌਰ ਨਾਮ ਰਖਨਾ, ਏਹੀ ਉਨ ਕੋ ਛੋਟਾ ਦਰਜਾ ਦੇਨਾ ਹੈ, ਦੇਤੇ ਹੋ । ਕੌਰ ਨਾਮ ਹੋਨੇ ਸੇ ਰਾਜ ਪ੍ਰਬੰਧ ਕਾ ਅਧਿਕਾਰ ਨਹੀਂ ਹੋ ਸਕਤਾ ਹੈ ।

੧੪). ਸ੍ਰੀਮਾਨ ਜੀਓ, ਅਜ ਤਕ ਪੂਰੇ ਪੰਥ ਮੇਂ ਉਦੇ ਅਸਤ ਤਕ, ਸੁਨਨੇ ਮੇਂ, ਦੇਖਨੇ ਮੇਂ ਨਹੀਂ ਆਯਾ ਹੈ ਕਿ ਕਿਸੀ ਜਗ੍ਹਾ ਪ੍ਰ ਮਾਈਆਂ ਨੇ ਮਾਈ ਕੋ ਭੀ ਅਮ੍ਰਤ ਛਕਾਯਾ ਹੈ । ਅਗ੍ਰ ਛਕਾਨੇ ਕਾ ਉਨ ਕੋ ਹਕ ਅਖ਼ਤਿਆਰ ਨਹੀਂ ਹੈ, ਤੋ ਫੇਰ ਕੈਸਾ ਮਾਨਾ ਜਾਏ, ਮਾਈਯੋਂ ਕੋ ਖੰਡੇ ਕਾ ਅੰਮ੍ਰਤ ਛਕਾ ਕਰ ਬ੍ਰਾਬ੍ਰ ਕਾ ਹਕ ਦੀਯਾ ਹੈ ।

੧੫). ਸ੍ਰੀਮਾਨ ਜੀਓ, ਅਗ੍ਰ ਪੂਛਾ ਜਾਏ ਕਿ ਖੰਡੇ ਕਾ ਅੰਮ੍ਰਤ ਛਕਾਨਾ ਮਾਈਯੋਂ ਕੋ ਕਹਾ ਲਿਖਾ ਹੈ ਇਤਹਾਸੋਂ ਮੇਂ ਤੋ ਸਿਰਫ਼ ਏਹ ਜਵਾਬ ਦੇਇੰਗੇ ਕਿ ਸ਼੍ਰੋਮਣੀ ਕਮੇਟੀ, ਅਕਾਲੀ ਦਲ, ਸੰਤ ਰਣਧੀਰ ਸਿੰਘ ਕੇ ਜਥੇ ਵਾਲੇ ਛਕਾ ਰਹੇ ਹੈਂ ਇਤਆਦਿਕ । ਇਸ ਕੇ ਬਾਰੇ ਸੋਚਨਾ ਚਾਹੀਏ ਕਿ ਜੋ ਏਹ ਲੋਗ ਕਾਮ ਕਰਤੇ ਹੈਂ, ਠੀਕ ਕਰਤੇ ਯਾ ਗ਼ਲਤ ਕਰਤੇ ।

ਪ੍ਰਮਾਣ ਵਜੋਂ

੧). ਏਹ ਪਾਠ ਕੀ ਸਮਾਪਤੀ ਪ੍ਰ ਰਾਗਮਾਲਾ ਨਹੀਂ ਪੜ੍ਹਤੇ ਔਰ ਖੰਡਨ ਕੀਯਾ ਹੈ ਪੜ੍ਹਨਾ ।

੨). ਭਸੌੜੀਓਂ, ਨੇ ਸ੍ਰੀ ਗੁਰੂ ਗ੍ਰਿੰਥ ਸਾਹਿਬ ਜੀ ਮੇਂ ਸੇ ਭਗਤੋਂ ਕੀ ਬਾਣੀ ਕਾ ਭੀ ਖੰਡਨ ਕੀਯਾ ਹੈ ।

੩). ਉਨ੍ਹਾਂ ਨੇ ਸ੍ਰੀ ਗੁਰੂ ਗ੍ਰਿੰਥ ਸਾਹਿਬ ਜੀ ਕੇ ਮੰਗਲਾਚਰਨ ਅਦਲਾ ਬਦਲੀ ਕੀਏ ਹੈਂ ।

੪). ਇਨ੍ਹਾਂ ਨੇ ਰਹਿਰਾਸ ਕੇ ਪਾਠ ਮੇਂ ਭੀ ਖੰਡਨ ਕਰੇ ਹੈਂ ਇਤਆਦਿਕ ਕਈ ਚੀਜ਼ਾਂ ਗੁਰ ਮ੍ਰਿਜਾਦਾ ਕਾ ਖੰਡਨ ਕਰੇ ਹੈ । ਤਾਂ ਅਪਨੇ ਯਹਾਂ ਸੇ ਤਖ਼ਤ ਸਾਹਿਬ ਸੇ ਕਿਉਂ ਲਿਖੇ ਹੈਂ, ਇਹ ਗ਼ਲਤ ਕੀਏ ਹੈਂ ਮੰਗਲਾਚਰਨ ਬਾਰੇ ।

੫). ਔਰ ਮੰਗਲਾਚਰਨ ਬਾਰੇ ਸੰਤ ਸਮਾਜ ਖ਼ਾਲਸਾ ਜੀ ਨੇ ਕਮੇਟੀ ਬਨਾ ਕਰ ਮੰਗਲਾਚਰਨ ਜੋ ਉਪ੍ਰ ਨੀਚੇ ਕਰੇ, ਸੋ ਠੀਕ ਕਰਾਏ । ਕੈਸਾ ਮਾਨਾ ਜਾਏ ਕਿ ਮਾਈਯੋਂ ਕੋ ਖੰਡੇ ਕਾ ਅੰਮ੍ਰਿਤ ਛਕਾ ਰਹੇ, ਏਹ ਬਿਲਕੁਲ ਠੀਕ ਹੈ ?